ਚੋਣਕਾਰ ਰਜਿਸਟਰੇਸ਼ਨ ਅਫਸਰ, 092-ਬਠਿੰਡਾ (ਸ਼ਹਿਰੀ)
-ਕਮ- ਉਪ ਮੰਡਲ ਮੈਜਿਸਟਰੇਟ, ਬਠਿੰਡਾ
(Room No. 316, 2nd Floor, Mini Secretariat, Bathinda) E-Mail ID :- ero-92@punjab.gov.in

SIR

ਪੱਤਰ ਨੰ. 791 /ਚੋਣਾਂ 2026 ਮਿਤੀ:20/06/2026

ਸੇਵਾ ਵਿਖੇ ਅਤਿ ਜ਼ਰੂਰੀ

ਸਮੂਹ ਵਿਭਾਗਾਂ ਦੇ ਮੁਖੀ,
ਜ਼ਿਲ੍ਹਾ ਬਠਿੰਡਾ।

ਵਿਸ਼ਾ:- Special Intensive Revision (SIR)-2026 ਸਬੰਧੀ ਬੀ.ਐਲ.ਓਜ਼ ਨੂੰ ਫਾਰਗ ਕਰਨ ਸਬੰਧੀ।
ਹਵਾਲਾ:- **ਇਸ ਦਫਤਰ ਦੇ ਪੱਤਰ ਨੰ:554/ਚੋਣਾਂ ਮਿਤੀ:08-05-2026 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਆਪ ਨੂੰ ਹਵਾਲਾ ਅਧੀਨ ਪੱਤਰ ਰਾਹੀਂ ਚੋਣ ਹਲਕਾ 092 ਬਠਿੰਡਾ (ਸ਼ਹਿਰੀ) ਵਿਧਾਨ ਸਭਾ ਹਲਕਾ ਅਧੀਨ ਬਤੌਰ ਬੀ.ਐਲ.ਓ. ਦੀ ਡਿਊਟੀ ਨਿਭਾ ਰਹੇ ਟੀਚਿੰਗ/ਨਾਨ ਟੀਚਿੰਗ, ਕਲੈਰੀਕਲ ਸਟਾਫ ਨੂੰ Special Intensive Revision (SIR)-2026 ਸਬੰਧੀ ਮਾਨਯੋਗ ਮੁੱਖ ਚੋਣ ਅਫਸਰ, ਪੰਜਾਬੀ ਜੀ ਵਲੋਂ ਜਾਰੀ ਹਦਾਇਤਾਂ ਅਨੁਸਾਰ ਪੂਰਨ ਤੌਰ ਤੇ ਵਿਭਾਗੀ ਡਿਊਟੀ ਤੋਂ ਫਾਰਗ ਕਰਨ ਲਈ ਲਿਖਿਆ ਗਿਆ ਸੀ। ਪ੍ਰੰਤੂ ਬੀ.ਐਲ.ਓ. ਵਲੋਂ ਨਿਮਨ-ਹਸਤਾਖਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਉਨ੍ਹਾਂ ਦੇ ਪਿੱਤਰੀ ਵਿਭਾਗ ਵਲੋਂ ਵੱਖ-2 ਕੰਮਾਂ ਸਬੰਧੀ ਉਨ੍ਹਾਂ ਦੀ ਡਿਊਟੀ ਲਗਾਈ ਜਾ ਰਹੀ ਹੈ, ਜਿਸ ਕਰਕੇ Special Intensive Revision (SIR)-2026 ਦੇ ਕੰਮ ਵਿੱਚ ਵਿਘਨ ਪੈ ਰਿਹਾ ਹੈ।

ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਵਲੋਂ ਮਿਤੀ:19-06-2026 ਨੂੰ ਕੀਤੀ ਗਈ ਵੀਡੀਓ ਕਾਨਫਰੰਸ ਵਿੱਚ ਦਿੱਤੀਆਂ ਹਦਾਇਤਾਂ ਦੀ ਪਾਲਣਾ ਵਿੱਚ ਆਪ ਨੂੰ ਚੋਣ ਹਲਕਾ 092 ਬਠਿੰਡਾ (ਸ਼ਹਿਰੀ) ਅਧੀਨ ਬੀ.ਐਲ.ਓ. ਡਿਊਟੀ ਨਿਭਾ ਰਹੇ ਕਰਮਚਾਰੀਆਂ ਦੀ ਲਿਸਟ ਭੇਜ਼ ਕੇ ਦੁਬਾਰਾ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਕਰਮਚਾਰੀਆਂ ਨੂੰ ਪੂਰਨ ਤੌਰ ਤੇ ਵਿਭਾਗੀ ਡਿਊਟੀ ਤੋਂ ਫਾਰਗ ਰੱਖਿਆ ਜਾਵੇ ਅਤੇ ਕਿਸੇ ਵੀ ਕੰਮ ਸਬੰਧੀ ਡਿਊਟੀ ਨਾ ਲਗਾਈ ਜਾਵੇ ਤਾਂ ਜੋ (SIR)-2026 ਦੇ ਕੰਮ ਵਿੱਚ ਕੋਈ ਵਿਘਨ ਨਾ ਪਵੇ। ਜੇਕਰ ਫਿਰ ਵੀ ਆਪ ਵਲੋਂ ਕਿਸੇ ਵੀ ਬੀ.ਐਲ.ਓ. ਦੀ ਕਿਸੇ ਵਿਭਾਗੀ ਕੰਮ ਵਿੱਚ ਡਿਊਟੀ ਲਗਾਈ ਜਾਂਦੀ ਹੈ ਤਾਂ ਇਹ ਸਮਝ ਲਿਆ ਜਾਵੇਗਾ ਕਿ ਆਪ ਵਲੋਂ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਦੀ ਉਲੰਘਣਾ ਕੀਤੀ ਜਾ ਰਹੀ ਹੈ ਅਤੇ ਆਪ ਦੇ ਖਿਲਾਫ ਅਗਲੇਰੀ ਕਾਰਵਾਈ ਬਿਨ੍ਹਾਂ ਕਿਸੇ ਨੋਟਿਸ ਦੇ ਤੁਰੰਤ ਹੀ ਅਮਲ ਵਿੱਚ ਲਿਆਂਦੀ ਜਾਵੇਗੀ।

ਨੱਥੀ:-ਬੀ.ਐਲ.ਓ ਲਿਸਟ

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਪਿੱਠ ਅੰਕਣ ਨੰ:792/ਚੋਣਾਂ ਮਿਤੀ:20/06/2026
ਇਸ ਦਾ ਇੱਕ ਉਤਾਰਾ:
1. ਜ਼ਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਪਾਸ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਜੀ-1
2026 80657
22/6/2026

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 1076 ਮਿਤੀ : 22.06.26

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

22/06/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ